# ਹੀਰ ਵਾਰਿਸ ਵਿਚ ਇਸ਼ਕ: ਇਕ ਦਾਰਸ਼ਨਿਕ ਪ੍ਰਵਚਨ

**Dr. Raj Kirpal Singh**
Assistant professor
Guru Nanak College, Mandi Killianwali - Pin 151211
Distt Sri Muktsar Sahab, Punjab.

Received June 21, 2017 Accepted July 25, 2017

ਕਿੱਸਾ ਹੀਰ ਵਾਰਿਸ ਵਿਚ ਇਸ਼ਕ ਉਦੋਂ ਹੀ ਦਾਰਸ਼ਨਿਕ ਪ੍ਰਵਚਨ ਬਣ ਜਾਂਦਾ ਹੈ ਜਦੋਂ ਵਾਰਿਸ ਸ਼ਾਹ ਨੇ ਇਸ਼ਕ ਨੂੰ ਹੀ ਸਾਰੀ ਸ੍ਰਿਸ਼ਟੀ ਦੀ ਪੈਦਾਇਸ਼ ਦਾ ਮੂਲ ਦੱਸ ਦਿੱਤਾ ਹੈ। ਵਾਰਿਸ ਸਮੁੱਚੀ ਕਾਇਨਾਤ ਨੂੰ ਰੱਬੀ ਇਸ਼ਕ ਵਿਚੋਂ ਹੀ ਆਪਣੀ ਹੋਂਦ ਗ੍ਰਹਿਣ ਕਰਦੀ ਦੱਸਦਾ ਹੈ। ਸਮੁੱਚਾ ਜੀਵ-ਜਗਤ ਤੇ ਮਨੁੱਖੀ ਪਸਾਰਾ ਸਭ ਇਸੇ ਚਲੰਤ ਕਾਇਨਾਤ ਵਿਚੋਂ ਹੀ ਆਪਣਾ ਰੂਪ ਅਖ਼ਤਿਆਰ ਕਰਦੇ ਹਨ। ਹੀਰ-ਰਾਂਝੇ ਦੇ ਪ੍ਰੇਮ ਕਰਨ ਤੋਂ ਪਹਿਲਾਂ ਤੇ ਕਿੱਸੇ ਦੀ ਸ਼ੁਰੂਆਤ ਹੀ ਵਾਰਿਸ ਨੇ ਹਮਦ ਦੁਆਰਾ ਇਸ਼ਕ ਦੀ ਉਸਤਤ ਕਰਕੇ ਕੀਤੀ ਹੈ। ਇਸ ਪ੍ਰਕਾਰ ਵਾਰਿਸ ਨੇ ਹੀਰ-ਰਾਂਝੇ ਦੇ ਪਿਆਰ ਅਤੇ ਸਮਾਜਿਕ ਜੀਵਨ ਦੀਆਂ ਗਤੀਵਿਧੀਆਂ ਦਾ ਮੂਲ ਹੀ ਇਸ਼ਕ 'ਤੇ ਅਧਾਰਿਤ ਕਰਕੇ ਇਸ ਨੂੰ ਦਾਰਸ਼ਨਿਕ ਪ੍ਰਵਚਨ ਵਜੋਂ ਪੇਸ਼ ਕੀਤਾ ਹੈ। ਇਸ਼ਕ ਨੂੰ ਪ੍ਰਵਚਨ ਵਜੋਂ ਸੰਚਾਰਦਾ ਵਾਰਿਸ ਸ਼ਾਹ ਦਾ ਬਿਆਨ ਕੁਝ ਇਸ ਤਰ੍ਹਾਂ ਪ੍ਰਸਤੁਤ ਹੁੰਦਾ ਹੈ:

ਅੱਵਲ ਹਮਦ ਖ਼ੁਦਾਇ ਦਾ ਵਿਰਦ ਕੀਚੇ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ।
ਪਹਿਲੇ ਆਪ ਹੀ ਰੱਬ ਨੇ ਇਸ਼ਕ ਕੀਤਾ, ਮਾਸ਼ੂਕ ਹੈ ਨਬੀ ਰਸੂਲ ਮੀਆਂ।
ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ, ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ।
ਖਿਲੇ ਤਿਨ੍ਹਾਂ ਦੇ ਬਾਗ਼ ਕਲੂਬ ਅੰਦਰ, ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ।
(ਪੰਨਾ 1)

ਵਾਰਿਸ ਨੇ ਇਸ਼ਕ ਨੂੰ ਬਹੁਤ ਉੱਚਾ ਦਰਜਾ ਦਿੰਦਿਆਂ ਦੱਸਿਆ ਹੈ ਕਿ ਪਹਿਲਾਂ ਜਦੋਂ ਰੱਬ ਨੇ ਇਸ਼ਕ ਕੀਤਾ ਤਾਂ ਨਬੀ ਰਸੂਲ (ਹਜ਼ਰਤ ਮੁਹੰਮਦ) ਉਸਦੇ ਮਾਸ਼ੂਕ ਬਣ। ਸਾਰੇ ਹੀ ਪੀਰਾਂ ਫ਼ਕੀਰਾਂ, ਨਬੀਆਂ, ਗੁਰੂਆਂ ਆਦਿ ਨੇ ਕਿਸੇ ਨਾ ਕਿਸੇ ਰੂਪ ਵਿਚ ਇਸ਼ਕ ਕੀਤਾ ਹੈ। ਭਾਵੇਂ ਕਿ ਉਹ ਇਸ਼ਕ ਹਕੀਕੀ ਹੈ। ਪਰ ਉਹ ਹੈ ਤਾਂ ਇਸ਼ਕ ਦਾ ਇਕ ਰੂਪ ਹੀ। ਇਸੇ ਪ੍ਰਕਾਰ ਵਾਰਿਸ ਨੇ ਇਸ਼ਕ ਨੂੰ ਪੀਰ ਫ਼ਕੀਰ ਦਾ ਮਰਤਬਾ ਦੱਸਿਆ ਹੈ। ਸਾਰੇ ਪੀਰਾਂ ਫ਼ਕੀਰਾਂ ਲਈ ਇਸ਼ਕ ਦਾ ਮਕਸਦ ਇਕ ਅਜਿਹਾ ਪ੍ਰਤੀਕਰਮ ਹੈ ਜਿਸ ਰਾਹੀਂ ਉਹ ਆਪਣੇ ਇਸ਼ਕ/ਪ੍ਰੇਮੀ ਰੂਪੀ ਪ੍ਰਮਾਤਮਾ ਵਿਚ ਅਭੇਦ ਹੋਣਾ ਲੋਚਦੇ ਹਨ। ਇਸ ਲਈ ਸਾਰਿਆਂ ਲਈ ਇਸ਼ਕ ਰੱਬੀ ਦਾਤ ਵਾਂਗ ਸੁੱਚਾ ਤੇ ਸੱਚਾ ਹੈ। ਇਵੇਂ ਵਾਰਿਸ ਲਈ ਇਸ਼ਕ ਇਕ ਅਜਿਹੀ ਅਨੁਭੂਤੀ ਹੈ ਕਿ ਜੋ ਲੋਕ ਇਸਨੂੰ ਕਬੂਲ ਕਰਦੇ ਹਨ, ਕਿਸੇ ਨਾਲ ਇਸ਼ਕ ਕਰਦੇ ਹਨ, ਉਨ੍ਹਾਂ ਆਸ਼ਕਾਂ ਦੀ ਅੰਤਰ ਆਤਮਾ ਯਾਨੀ ਰੂਹ ਅਤੇ ਦਿਲ ਨੂੰ ਤਸੱਲੀ ਪ੍ਰਾਪਤ ਹੁੰਦੀ ਹੈ। ਇਸ ਪ੍ਰਕਾਰ ਵਾਰਿਸ ਨੇ ਜੀਵਨ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਵੀ ਇਸ਼ਕ ਦੇ ਪ੍ਰਵਚਨ ਨੂੰ ਹੀ ਬਣਾ ਦਿੱਤਾ ਹੈ।

ਵਾਰਿਸ ਇਸ਼ਕ ਦੇ ਪ੍ਰਵਚਨ ਤੱਕ ਹੀ ਆਪਣੀ ਰਚਨਾ ਵਿਚ ਮਹਿਦੂਦ ਨਹੀਂ ਰਹਿੰਦਾ ਬਲਕਿ ਇਸਨੂੰ ਅਧਿਆਤਮਿਕ/ਹਕੀਕੀ ਇਸ਼ਕ ਰਾਹੀਂ ਦਾਰਸ਼ਨਿਕ ਪ੍ਰਵਚਨ ਨਾਲ ਜੋੜਦਾ ਹੈ। ਵਾਰਿਸ ਦਾ ਦਾਰਸ਼ਨਿਕ ਪ੍ਰਵਚਨ ਪੰਜਾਬੀ ਲੋਕ ਮਾਨਸਿਕਤਾ ਨਾਲ ਜੁੜੀਆਂ ਅਨੇਕਾਂ ਅਟੱਲ ਸੱਚਾਈਆਂ ਅਤੇ ਵਾਰਿਸ ਦੇ ਖ਼ੁਦ ਦੇ ਸਭਿਆਚਾਰਕ ਪ੍ਰਵਚਨ ਅਨੁਭਵ ਰਾਹੀਂ ਆਪਣੀ ਦਿਸ਼ਾ ਅਤੇ ਸਥਿਤੀ ਗ੍ਰਹਿਣ ਕਰਦਾ ਹੈ। ਵਾਰਿਸ ਦਾ ਬਿਆਨ ਦੇਖੋ:

ਹੀਰੇ ਇਸ਼ਕ ਨਾ ਮੂਲ ਸੁਆਦ ਦੇਂਦਾ, ਨਾਲ ਚੋਰੀਆਂ ਅਤੇ ਉਧਾਲਿਆਂ ਦੇ।
(ਪੰਨਾ 56)

ਵਾਰਿਸ ਦਾ ਇਹ ਕਥਨ ਪੰਜਾਬੀ ਮਾਨਸਿਕਤਾ ਅਤੇ ਸਭਿਆਚਾਰਕ ਅਚੇਤਨ ਦੇ ਪਰਿਪੇਖ ਵਿਚੋਂ ਸਾਹਮਣੇ ਆਉਂਦਾ ਹੈ। ਪੰਜਾਬੀ ਸਭਿਆਚਾਰ ਵਿਚ ਚੋਰੀਆਂ, ਠੱਗੀਆਂ ਅਤੇ ਇਸਤਰੀਆਂ ਦੇ ਉਧਾਲਿਆਂ ਆਦਿ ਨੂੰ ਅਨੈਤਿਕ ਕੰਮ ਸਮਝਿਆ ਜਾਂਦਾ ਹੈ। ਅਜਿਹੇ ਕੰਮ ਕੋਈ ਸੱਚੇ-ਸੁੱਚੇ ਆਸ਼ਕਾਂ ਦੇ ਨਹੀਂ ਹਨ, ਜਿਨ੍ਹਾਂ ਦੁਆਰਾ ਸਮਾਜ ਵਿਚ ਅਰਾਜਿਕਤਾ ਫੈਲਦੀ ਹੋਵੇ। ਇਸ ਪ੍ਰਕਾਰ ਵਾਰਿਸ ਦਾ ਇਹ ਕਥਨ ਮਨੁੱਖੀ ਜੀਵਨ ਵਿਚ ਇਸ਼ਕ ਨੂੰ ਦਾਰਸ਼ਨਿਕ ਪ੍ਰਵਚਨ ਵਜੋਂ ਸਾਹਮਣੇ ਲਿਆਉਂਦਾ ਹੈ।

ਇਸ਼ਕ ਉਦੋਂ ਵੀ ਦਾਰਸ਼ਨਿਕ ਪ੍ਰਵਚਨ ਬਣਦਾ ਹੈ ਜਦੋਂ ਇਸ਼ਕ ਵਿਰੋਧੀ ਲੋਕਾਂ ਦੁਆਰਾ ਆਸ਼ਕਾਂ ਦੇ ਰਸਤੇ ਵਿਚ ਮੁਸ਼ਕਲਾਂ ਪੈਦਾ ਕੀਤੀਆਂ ਜਾਂਦੀਆਂ ਹਨ। ਪਰ ਵਾਰਿਸ ਨੇ ਇਨ੍ਹਾਂ ਸਮੱਸਿਆਵਾਂ ਦਾ ਹੱਲ ਵੀ ਇਸ਼ਕ ਦੇ ਪਰਿਪੇਖ ਵਿਚੋਂ ਹੀ ਸਾਹਮਣੇ ਲਿਆਂਦਾ ਹੈ। ਉਸਨੇ ਇਸ਼ਕ ਨੂੰ ਹੀ ਮਨੁੱਖੀ ਜੀਵਨ ਦਾ ਆਧਾਰ ਕਰਾਰ ਦਿੱਤਾ ਹੈ।

**ਵਾਰਿਸ ਦੁਆਰਾ ਰਾਂਝੇ ਦਾ ਸੰਵਾਦ ਦੇਖੋ:**

ਜੇ ਤਾਂ ਮਾਮਲੇ ਪਵਨ ਤਾਂ ਭੱਜ ਜਾਵੇਂ, ਇਸ਼ਕ ਜਾਲਣਾ ਖਰਾ ਦੁਹੇਲੜਾ ਈ।
ਸਚੁ ਆਖਣਾਈ ਹੁਣੇ ਆਖ ਮੈਨੂੰ, ਏਹੁ ਸੱਚ ਤੇ ਝੂਠ ਦਾ ਵੇਲੜਾ ਈ।
ਤਾਬ ਇਸ਼ਕ ਦੀ ਝੱਲਣੀ ਖਰੀ ਔਖੀ, ਇਸ਼ਕ ਗੁਰੂ ਤੇ ਜੱਗ ਸਭ ਚੇਲੜਾ ਈ।
ਏਥੋਂ ਛੱਡ ਈਮਾਨ ਜੇ ਨੱਸ ਜਾਵੇਂ, ਅੱਤ ਰੋਜ਼ ਕਿਆਮਤੇ ਮੇਲੜਾ ਈ।

(ਪੰਨਾ 21)

ਇਸ ਪ੍ਰਕਾਰ ਵਾਰਿਸ ਨੇ ਇਸ਼ਕ ਨੂੰ ਇਕ ਤਪੱਸਿਆ ਦੱਸਿਆ ਹੈ, ਇਸ਼ਕ ਨੂੰ ਹੀ ਸਾਰੇ ਜਗਤ ਦਾ ਗੁਰੂ ਕਿਹਾ ਹੈ। ਇਸ ਕਾਰਨ ਸਾਰਾ ਜਗਤ ਹੀ ਕਿਸੇ ਨਾ ਕਿਸੇ ਰੂਪ ਵਿਚ ਇਸ਼ਕ ਦੀ ਪੂਜਾ ਕਰਦਾ ਹੈ ਜੋ ਇਸ਼ਕ ਦੀ ਪੂਜਾ ਨਹੀਂ ਕਰਦੇ ਉਹ ਨਿਰਾਦਰ ਦੇ ਧਾਰਨੀ ਬਣਦੇ ਹਨ। ਵਾਰਿਸ ਬਹੁਤ ਥਾਵਾਂ ਉੱਪਰ ਸੱਚ ਨੂੰ ਵੀ ਇਸ਼ਕ ਦੇ ਸੰਬੰਧਾਂ ਨਾਲ ਜੋੜ ਕੇ ਪੇਸ਼ ਕਰਦਾ ਹ ਅਤੇ ਜੋ ਆਸ਼ਕ ਹਨ ਉਨ੍ਹਾਂ ਲਈ ਇਸ਼ਕ ਹੀ ਅੰਤਿਮ ਸੱਚ ਹੋ ਨਿਬੜਦਾ ਹੈ। ਇਵੇਂ ਜੋ ਇਸ਼ਕ ਕਰਦੇ ਹਨ ਉਹ ਪ੍ਰਮਾਤਮਾ ਨੂੰ ਵੀ ਪ੍ਰਾਪਤ ਕਰਦੇ ਹਨ। ਇਸ ਤਰ੍ਹਾਂ ਇਸ਼ਕ ਅਧਿਆਤਮਿਕ ਪ੍ਰਵਚਨ ਰਾਹੀਂ ਮਨੁੱਖੀ ਜੀਵਨ ਦਾ ਦਾਰਸ਼ਨਿਕ ਪ੍ਰਵਚਨ ਬਣ ਜਾਂਦਾ ਹੈ।

ਇਸੇ ਤੋਂ ਪਤਾ ਚਲਦਾ ਹੈ ਕਿ ਮਨੁੱਖ ਨੂੰ ਕੀ ਕਰਨਾ ਚਾਹੀਦਾ ਹੈ? ਉਸਦੇ ਜੀਵਨ ਦੇ ਆਧਾਰ ਸ੍ਰੋਤ ਕੀ ਹਨ। ਇਨ੍ਹਾਂ ਦੋਨਾਂ ਸਵਾਲਾਂ ਦਾ ਉੱਤਰ ਵੀ ਇਸ਼ਕ ਹੀ ਹੈ। ਇਵੇਂ ਝੂਠ ਇਸ਼ਕ ਦਾ ਹਿੱਸਾ ਨਹੀਂ ਹੈ। ਇਸ ਪ੍ਰਕਾਰ ਝੂਠੇ ਪ੍ਰਾਣੀ ਜੀਵਨ ਵਿਚ ਕਦੇ ਵੀ ਸੱਚੀ ਖੁਸ਼ੀ ਪ੍ਰਾਪਤ ਨਹੀਂ ਕਰ ਸਕਦੇ। ਇਹੀ ਗੱਲ ਇਸ਼ਕ ਨੂੰ ਮਨੁੱਖੀ ਜੀਵਨ ਦਾ ਦਾਰਸ਼ਨਿਕ ਪ੍ਰਵਚਨ ਬਣਾਉਂਦੀ ਹੈ।

ਇਸ਼ਕ ਉਦੋਂ ਵੀ ਦਾਰਸ਼ਨਿਕ ਪ੍ਰਵਚਨ ਬਣਦਾ ਹੈ ਜਦੋਂ ਦੋ ਜੀਵਾਂ ਦੀ ਨਿੱਜੀ ਇੱਛਾ ਨਾਲ ਆਜ਼ਾਦ ਰਿਸ਼ਤਾ ਸਥਾਪਿਤ ਹੁੰਦਾ ਹੈ। ਇਵੇਂ ਇਸ਼ਕ ਹੀ ਪ੍ਰੇਮੀ ਪ੍ਰੇਮਿਕਾ ਦੇ ਇਕ ਦੂਜੇ ਦੇ ਮਿਲਾਪ ਤੋਂ ਸੱਚੀ ਖੁਸ਼ੀ ਪ੍ਰਾਪਤ ਕਰਨ ਅਤੇ ਜੀਵਨ ਜਿਉਣ ਦਾ ਆਧਾਰ ਸ੍ਰੋਤ ਬਣਦਾ ਹੈ। ਇਸ਼ਕ ਵਿਚ ਸਦਾ ਪੱਕੇ, ਸਿਰੜੀ ਤੇ ਦ੍ਰਿੜ ਰਹਿਣਾ ਵੀ ਇਸਨੂੰ ਦਾਰਸ਼ਨਿਕ ਪ੍ਰਵਚਨ ਬਣਾਉਂਦਾ ਹੈ।

ਇਸ ਪ੍ਰਕਾਰ ਸਪੱਸ਼ਟ ਹੈ ਕਿ ਵਾਰਿਸ ਨੇ ਅਧਿਆਤਮਿਕ ਪਰਿਪੇਖ ਰਾਹੀਂ ਇਸ਼ਕ ਦੇ ਦਾਰਸ਼ਨਿਕ ਪ੍ਰਵਚਨ ਦੀ ਪੇਸ਼ਕਾਰੀ ਕੀਤੀ ਹੈ। ਕਿਉਂਕਿ ਮੱਧਕਾਲੀ ਜੀਵਨ ਜਾਂਚ ਹੀ ਜ਼ਿਆਦਾਤਰ ਅਧਿਆਤਮਿਕਤਾ 'ਤੇ ਨਿਰਭਰ ਸੀ। ਇਸ ਕਰਕੇ ਵਾਰਿਸ ਦੁਆਰਾ ਇਸ਼ਕ ਸੰਬੰਧੀ ਵਰਤੀਆਂ ਅਟੱਲ ਸੱਚਾਈਆਂ ਇਸਨੂੰ ਦਾਰਸ਼ਨਿਕ ਪ੍ਰਵਚਨ ਬਣਾਉਂਦੀਆਂ ਹਨ। ਇਸ਼ਕ ਦੀ ਦਾਰਸ਼ਨਿਕ ਪ੍ਰਵਚਨ ਵਜੋਂ ਪੇਸ਼ਕਾਰੀ ਲਈ ਅਧਿਆਤਮਿਕਤਾ ਦਾ ਸਿਰਫ਼ ਸਹਾਰਾ ਹੀ ਲਿਆ ਹੈ। ਇਸ ਪ੍ਰਕਾਰ ਹੀਰ ਵਾਰਿਸ ਵਿਚ ਅਧਿਆਤਮਿਕ ਪ੍ਰਵਚਨ ਦੇ ਦੂਜੈਲੇ ਪੱਧਰ ਦੇ ਪਰਿਪੇਖ ਰਾਹੀਂ, ਇਸ਼ਕ ਪ੍ਰਥਮ ਪੱਧਰ 'ਤੇ ਦਾਰਸ਼ਨਿਕ ਪ੍ਰਵਚਨ ਬਣ ਜਾਂਦਾ ਹੈ।

**ਹਵਾਲੇ:**

1. ਸ਼ਮਸ਼ੇਰ ਸਿੰਘ ਅਸ਼ੋਕ ਸੰਪਾਦਿਤ **ਹੀਰ ਵਾਰਿਸ** ਵਿਚੋਂ

**A human being is not attaining his full heights until he is educated.**
**~ Horace Mann**